# बिन गुरु आपने

ਤੇਰਾ, ਕਿਸੇ ਨਾ ਦੇਣਾ ਸਾਥ,
ਬਿਨ ਗੁਰੂ ਆਪਣੇ, ਬਿਨਾਂ ਗੁਰੂ ਆਪਣੇ ।
ਤੈਨੂੰ, ਪੈਣੀ ਯਮਾਂ ਦੀ ਮਾਰ,
ਬਿਨ ਗੁਰੂ ਆਪਣੇ, ਬਿਨਾਂ ਗੁਰੂ ਆਪਣੇ ।
ਤੇਰਾ, ਕਿਸੇ ਨਾ ਦੇਣਾ ਸਾਥ,,,,,,,,,,,,,,,,,

ਗੁਰੂ ਬਿਨ ਗਿਆਨ, ਨਾ ਹੋਵੇ ਕਿਸੇ ਨੂੰ, "ਕਹਿੰਦੇ ਲੋਕ ਸਿਆਣੇ" ।
ਰੱਬ ਦੀਆਂ ਲਿੱਖੀਆਂ, ਜਾਣੇ ਕੇਹੜਾ, "ਗੁਰੂ ਹੀ ਸੱਚਾ ਜਾਣੇ" ॥
ਕੋਈ, ਪੁੱਛਦਾ ਨਹੀਂਓਂ ਬਾਤ,
ਬਿਨ ਗੁਰੂ ਆਪਣੇ, ਬਿਨਾਂ ਗੁਰੂ ਆਪਣੇ,,,
ਤੇਰਾ, ਕਿਸੇ ਨਾ ਦੇਣਾ ਸਾਥ,,,,,,,,,,,,,,,,,

ਗੁਰੂ ਦੀ ਪੂਜਾ, ਰੱਬ ਦੀ ਪੂਜਾ, "ਗੁਰੂ ਵਿੱਚੋਂ ਰੱਬ ਪਾਈਏ" ।
ਦਰ ਦਰ ਧੱਕੇ, ਖਾਣ ਦੇ ਨਾਲੋਂ, "ਇੱਕ ਦੇ ਹੀ ਹੋ ਜਾਈਏ" ॥
ਤੇਰੇ, ਕਿਸੇ ਨਾ ਧੋਣੇ ਪਾਪ,
ਬਿਨ ਗੁਰੂ ਆਪਣੇ, ਬਿਨਾਂ ਗੁਰੂ ਆਪਣੇ,,,
ਤੇਰਾ, ਕਿਸੇ ਨਾ ਦੇਣਾ ਸਾਥ,,,,,,,,,,,,,,,,,

ਰਾਵਣ ਵਰਗੇ, ਤੁਰ ਗਏ ਸੋਹਣੀ, "ਕਾਲ ਸੀ ਜਿਹਨਾਂ ਨੇ ਬੰਨ੍ਹਿਆਂ" ।
ਸਵਰਗਾਂ ਦਾ ਸੁੱਖ, ਪਾ ਲੈਂਦੇ ਓਹ, "ਗੁਰੂ ਨੂੰ ਜਿਹਨਾਂ ਨੇ ਮੰਨਿਆ" ॥
ਕੋਈ, ਕਰੇ ਨਾ ਪੂਰੀ ਆਸ,
ਬਿਨ ਗੁਰੂ ਆਪਣੇ, ਬਿਨਾਂ ਗੁਰੂ ਆਪਣੇ,,,
ਤੇਰਾ, ਕਿਸੇ ਨਾ ਦੇਣਾ ਸਾਥ,,,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/26986/title/bin-guru-aapne

अपने Android मोबाइल पर BhajanGanga App डाउनलोड करें और भजनों का आनंद ले |